Email
12-7-24

# ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ
(ਈ.ਐਂਡ ਟੀ ਸ਼ਾਖਾ)

ਸੇਵਾ ਵਿਖੇ,

1. ਸਮੂਹ ਪ੍ਰਬੰਧਕ ਨਿਰਦੇਸ਼ਕ,
   ਸਹਿਕਾਰੀ ਸਿਖਰ ਸੰਸਥਾਵਾਂ,
   ਪੰਜਾਬ ਚੰਡੀਗੜ੍ਹ।
2. ਸਮੂਹ ਸੰਯੁਕਤ ਰਜਿਸਟਰਾਰ ,
   ਸ/ਸ, ਪੰਜਾਬ (ਖੇਤਰ ਵਿੱਚ) ।
3. ਸਮੂਹ ਉਪ ਰਜਿਸਟਰਾਰ
   ਸ/ਸ, ਪੰਜਾਬ (ਖੇਤਰ ਵਿੱਚ)
4. ਸਮੂਹ ਸਹਾਇਕ ਰਜਿਸਟਰਾਰ
   ਸ/ਸ, ਪੰਜਾਬ (ਖੇਤਰ ਵਿੱਚ)

ਮੀਮੋ ਨੰ:ਰ.ਸ.ਸ/ਈ.ਐਂਡ ਟੀ/ਈ.ਆਈ/ 302
ਮਿਤੀ: 12/7/24

ਵਿਸ਼ਾ:- ਦੀ ਪੰਜਾਬ ਸਹਿਕਾਰੀ **ਸਭਾਵਾਂ ਐਕਟ** 1961 **ਦੇ ਸੈਕਸ਼ਨ** 7 ਅਧੀਨ ਸਹਿਕਾਰੀ ਸਭਾਵਾਂ ਤੋਂ ਤੋਂ ਰਜਿਸਟ੍ਰੇਸ਼ਨ ਫੀਸ ਲੈਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸਰਕਾਰ ਵਲੋਂ ਪ੍ਰਾਪਤ ਪੱਤਰ ਨੰ:Coop-C1012/1/2020-C1/7590 ਮਿਤੀ 26-6-2024 ਰਾਹੀਂ ਦੀ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੇ ਸੈਕਸ਼ਨ 7 ਅਧੀਨ ਸਹਿਕਾਰੀ ਸਭਾਵਾਂ ਤੋਂ ਰਜਿਸਟ੍ਰੇਸ਼ਨ ਫੀਸ ਲੈਣ ਸਬੰਧੀ ਜਾਰੀ ਕੀਤੀ ਨੋਟਿਫਿਕੇਸ਼ਨ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ : ਉਕਤ ਅਨੁਸਾਰ

ਸੁਪਰਡੈਂਟ(ਈ.ਐਂਡ.ਟੀ)
11/7/24

ਪਿੱਠ ਅੰਕਣ ਨੰ: ਰਸਸ/ਈ.ਐਂਡ.ਟੀ/ਈ.ਆਈ/ 303 ਮਿਤੀ 12/7/24

ਉਪਰੋਕਤ ਦਾ ਉਤਾਰਾ:-

1. ਸੁਪਰਡੈਂਟ ਗ੍ਰੇਡ 1, (ਸਹਿਕਾਰਤਾ -1 ਸਾਖਾ),ਸਹਿਕਾਰਤਾ ਵਿਭਾਗ, ਪੰਜਾਬ ਸਰਕਾਰ, ਨੂੰ ਸਰਕਾਰ ਦੇ ਪੱਤਰ ਨੰ Coop- C1012/1/2020-C1/7590 ਮਿਤੀ 26-6-2024 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਚੀਫ ਆਡੀਟਰ, ਸ/ਸ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਸੂਮਹ ਗਜਟਿਡ ਅਫਸਰ, ਮੁੱਖ ਦਫਤਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
4. ਸੂਮਹ ਸੂਪਰਡੈਂਟ, ਮੁੱਖ ਦਫਤਰ ਨੂੰ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ(ਈ.ਐਂਡ.ਟੀ)
11/7/24

ਪੰਜਾਬ ਸਰਕਾਰ
ਸਹਿਕਾਰਤਾ ਵਿਭਾਗ
(ਸਹਿਕਾਰਤਾ-1 ਸ਼ਾਖਾ)
(ਨੋਟੀਫਿਕੇਸ਼ਨ)

ਨੰ: Coop-C1012/1/2020-C-1(1)/ 7590 ਚੰਡੀਗੜ੍ਹ, ਮਿਤੀ: 26/06/2024

ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ ਵੱਲੋਂ ਦੀ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੇ ਸੈਕਸ਼ਨ 7 ਅਧੀਨ ਸਹਿਕਾਰੀ ਸਭਾਵਾਂ ਦੀ ਰਜਿਸਟ੍ਰੇਸ਼ਨ ਫੀਸ ਸਬੰਧੀ ਜਾਰੀ ਨੋਟੀਫਿਕੇਸ਼ਨ ਨੰ:COOP-C1012/1/2020-C1(1)/12645 ਮਿਤੀ 25.09.2023 ਨੂੰ supersede ਕਰਦੇ ਹੋਏ ਹੁਣ "ਦੀ ਪੰਜਾਬ ਸਹਿਕਾਰੀ ਸਭਾਵਾਂ ਐਕਟ 1961" ਦੇ ਸੈਕਸ਼ਨ 7 ਅਧੀਨ ਰਜਿਸਟਰਡ ਹੋਣ ਵਾਲੀ ਹਰ ਕਿਸਮ ਦੀ ਸਹਿਕਾਰੀ ਸਭਾਵਾਂ ਦੀ ਰਜਿਸਟ੍ਰੇਸ਼ਨ ਲਈ ਕੇਵਲ 10,000/- ਰੁਪਏ (ਕੇਵਲ ਦੱਸ ਹਜ਼ਾਰ ਰੁਪਏ) ਰਜਿਸਟ੍ਰੇਸ਼ਨ ਫੀਸ ਲਈ ਜਾਵੇਗੀ, ਜੋ ਕਿ ਪੰਜਾਬ ਸਰਕਾਰ ਦੇ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

2. ਇਹ ਨੋਟੀਫਿਕੇਸ਼ਨ ਤੁਰੰਤ ਲਾਗੂ ਹੋਵੇਗੀ।

ਚੰਡੀਗੜ੍ਹ, ਮਿਤੀ: 26.06.2024

ਵਿਜੈ ਕੁਮਾਰ ਸਿੰਘ, ਆਈ.ਏ.ਐਸ.
ਵਿਸ਼ੇਸ਼ ਮੁੱਖ ਸਕੱਤਰ, ਸਹਿਕਾਰਤਾ, ਪੰਜਾਬ

ਪਿੱਠ ਅੰਕਣ ਨੰ:-Coop-C1012/1/2020-C1(1)/ 7595 ਚੰਡੀਗੜ੍ਹ, ਮਿਤੀ: 26/06/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ:-

1. ਵਿਸ਼ੇਸ਼ ਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ;
2. ਮੁੱਖ ਸਕੱਤਰ, ਪੰਜਾਬ ਸਰਕਾਰ;
3. ਪ੍ਰਮੁੱਖ ਸਕੱਤਰ, ਵਿੱਤ ਵਿਭਾਗ,ਪੰਜਾਬ;
4. ਨਿੱਜੀ ਸਕੱਤਰ/ਵਿਸ਼ੇਸ਼ ਮੁੱਖ ਸਕੱਤਰ, ਸਹਿਕਾਰਤਾ ਵਿਭਾਗ, ਪੰਜਾਬ;
5. ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਨੋਟੀਫਿਕੇਸ਼ਨ ਸਬੰਧੀ ਆਪਦੇ ਅਧੀਨ ਆਉਂਦੇ ਅਦਾਰਿਆਂ/ਦਫਤਰਾਂ ਨੂੰ ਜਾਣੂੰ ਕਰਵਾਉਣ ਉਪਰੰਤ ਸਰਕਾਰ ਨੂੰ ਸੂਚਿਤ ਕੀਤਾ ਜਾਵੇ;ਅਤੇ
6. ਚੀਫ ਆਡੀਟਰ, ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ।

ਸੁਪਰਡੰਟ ਗ੍ਰੇਡ-1

ਪਿੱਠ ਅੰਕਣ ਨੰ:-Coop-C1012/1/2020-C1(1)/ ਚੰਡੀਗੜ੍ਹ, ਮਿਤੀ:

ਉਕਤ ਦਾ ਉਤਾਰਾ ਕੰਟਰੋਲਰ, ਛਪਾਈ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਨੂੰ ਪੰਜਾਬ ਰਾਜ ਗਜਟ ਵਿੱਚ ਪ੍ਰਕਾਸ਼ਿਤ ਕਰਨ ਲਈ ਭੇਜੀ ਜਾਂਦੀ ਹੈ ਅਤੇ ਲਿਖਿਆ ਜਾਂਦਾ ਹੈ ਕਿ ਨੋਟੀਫਿਕੇਸ਼ਨ ਦੀਆਂ 20 ਪ੍ਰਿੰਟਿਡ ਕਾਪੀਆਂ ਇਸ ਦਫਤਰ ਨੂੰ ਮੁਹੱਈਆਂ ਕਰਵਾਈਆਂ ਜਾਣ।

ਸਹੀ/-
ਸੁਪਰਡੰਟ ਗ੍ਰੇਡ-1